ਪੰਜਾਬ ਸਕੂਲ ਸਿੱਖਿਆ ਬੋਰਡ

ਸੂਚਨਾ

**ਸੈਸ਼ਨ 2022-23 ਦੇ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਆਨਾਈਨ ਅਪਲੋਡ ਕਰਨ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ ਸਕੂਲਾਂ ਦੀ ਲਾਗ-ਇੰਨ ਆਈ.ਡੀ. ਤੋਂ ਜਨਰੇਟ ਕਰਨ ਸਬੰਧੀ ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆ ਨੂੰ ਸੂਚਿੱਤ ਕੀਤਾ ਜਾਂਦਾ ਹੈ ਕਿ :-

1) ਸੈਸ਼ਨ 2022-23 ਵਿੱਚ ਅਪੀਅਰ ਹੋਏ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਘੋਸ਼ਿਤ ਕਰਨ ਉਪਰੰਤ ਸਕੂਲਾਂ ਵੱਲੋਂ ਹੀ ਲਾਗ-ਇੰਨ ਆਈ.ਡੀ. ਤੇ ਰਜਿਸਟ੍ਰੇਸ਼ਨ ਪੋਰਟਲ ਅਧੀਨ " $9^{th}$ and $11^{th}$ Update Result " ਲਿੰਕ ਤੇ ਕਲਿੱਕ ਕਰਕੇ ਮਿਤੀ 15-05-2023 ਤੱਕ ਅਪਲੋਡ ਕੀਤਾ ਜਾਣਾ ਲਾਜ਼ਮੀ ਹੈ।
2) ਨਤੀਜਾ ਆਨਲਾਈਨ ਅਪਲੋਡ ਕਰਨ ਤੋਂ ਬਾਅਦ ਰਫ਼-ਪ੍ਰਿੰਟ ਲੈ ਲਿਆ ਜਾਵੇ ਅਤੇ ਨਤੀਜੇ ਨੂੰ ਚੰਗੀ ਤਰ੍ਹਾਂ ਦੁਬਾਰਾ ਚੈੱਕ/ਪੜ੍ਹ ਲਿਆ ਜਾਵੇ, ਜੇਕਰ ਕੋਈ ਗਲਤੀ ਹੁੰਦੀ ਹੈ ਤਾਂ ਉਸਦੀ ਸੋਧ ਕਰਨ ਉਪਰੰਤ ਹੀ ਨਤੀਜਾ ਫਾਈਨਲ ਸਬਮਿਟ ਕਰਨਾ ਯਕੀਨੀ ਬਣਾਇਆ ਜਾਵੇ। ਨਤੀਜੇ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ action field ਵਿੱਚ status ਨੂੰ Locked ਚੈੱਕ ਜਰੂਰ ਕਰ ਲਿਆ ਜਾਵੇ ਅਤੇ ਨਾਲ ਹੀ ਫਾਈਨਲ ਪ੍ਰਿੰਟ ਵੀ ਜਰੂਰ ਲੈ ਲਿਆ ਜਾਵੇ।
3) ਜੇਕਰ ਫਾਈਨਲ ਸਬਮਿਟ ਕਰਨ ਉਪਰੰਤ ਵੀ ਕਿਸੇ ਵਿਦਿਆਰਥੀ ਦੇ ਨਤੀਜੇ ਵਿੱਚ ਗਲਤੀ ਰਹਿ ਜਾਂਦੀ ਹੈ ਤਾਂ ਮਿਤੀ 15-05-2023 ਤੱਕ ਨਤੀਜੇ ਨੂੰ Unlock ਕਰਕੇ ਸੋਧ ਕੀਤੀ ਜਾ ਸਕਦੀ ਹੈ, ਪ੍ਰੰਤੂ ਸੋਧ ਕਰਨ ਉਪਰੰਤ ਨਤੀਜੇ ਨੂੰ ਦੁਬਾਰਾ ਫਾਈਨਲ ਸਬਮਿਟ ਕਰਕੇ Locked ਕਰਨਾ ਯਕੀਨੀ ਬਣਾਇਆ ਜਾਵੇ।
4) ਜਿੰਨ੍ਹਾਂ ਵਿਦਿਆਰਥੀਆਂ ਦੀ ਨੌਵੀਂ ਜਾਂ ਗਿਆਰਵੀਂ ਸ਼੍ਰੇਣੀ ਵਿੱਚ ਕੰਪਾਰਟਮੈਂਟ ਆਈ ਹੈ, ਉਹਨਾਂ ਦਾ ਨਤੀਜਾ R.L./Compartment/Re-appear ਰੱਖਿਆ ਜਾਵੇ। ਕੰਪਾਰਟਮੈਂਟ ਕਲੀਅਰ ਕਰਨ ਉਪਰੰਤ ਹੀ ਵਿਦਿਆਰਥੀਆਂ ਦਾ ਨਤੀਜਾ ਪਾਸ ਅਪਲੋਡ ਕੀਤਾ ਜਾਵੇ । ਸਕੂਲ ਵੱਲੋਂ ਨਤੀਜਾ ਫਾਈਨਲ ਸਬਮਿਸ਼ਨ ਹੋਣ ਤੋਂ ਬਾਅਦ ਵੀ R.L./Compartment/Re-appear ਵਾਲੇ ਵਿਦਿਆਰਥੀਆਂ ਦਾ ਨਤੀਜਾ ਅਪਲੋਡ ਕੀਤਾ ਜਾ ਸਕਦਾ ਹੈ।
5) ਸੈਸ਼ਨ 2022-23 ਦੇ ਨੌਵੀਂ ਅਤੇ ਗਿਆਰਵੀਂ ਸ਼੍ਰੇਣੀ ਦੇ ਜਿਹੜੇ ਵਿਦਿਆਰਥੀ ਆਪਣਾ ਸਕੂਲ ਛੱਡਕੇ ਅਗਲੇ ਸੈਸ਼ਨ ਵਿੱਚ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਹਨਾਂ ਵਿਦਿਆਰਥੀਆਂ ਦਾ ਰਿਜ਼ਲਟ ਆਨ-ਲਾਈਨ ਅਪਡੇਟ ਕਰਨ ਤੋਂ ਬਾਅਦ ਹੀ ਉਹਨਾਂ ਨੂੰ ਆਨ-ਲਾਈਨ ਟਰਾਂਸਫਰ ਸਰਟੀਫਿਕੇਟ ਜਾਰੀ ਕੀਤਾ ਜਾਵੇ। ਸਕੂਲ ਛੱਡਣ ਦਾ ਸਰਟੀਫਿਕੇਟ ਸਕੂਲਾਂ ਵੱਲੋਂ ਦਾਖਲੇ ਦੀਆਂ ਅੰਤਿਮ ਮਿਤੀਆਂ ਤੱਕ ਆਪਣੇ ਪੱਧਰ ਤੇ ਰਜਿਸਟ੍ਰੇਸ਼ਨ ਪੋਰਟਲ ਅਧੀਨ TC Generate ਆਪਸ਼ਨ ਤੇ ਕਲਿੱਕ ਕਰਕੇ ਆਨ-ਲਾਈਨ ਜਨਰੇਟ ਕੀਤਾ ਜਾ ਸਕਦਾ ਹੈ।

Raj Kumar 3/4/23

ਸੁਪਰਡੰਟ

(ਰਜਿਸਟ੍ਰੇਸ਼ਨ ਸ਼ਾਖਾ)